# ਦਫਤਰ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਈ ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ.ਨਗਰ(ਪੰਜਾਬ)।

ਵੱਲ

**ਸਮੂਹ ਮੰਡਲ ਸਿੱਖਿਆ ਅਫਸਰ,**
**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)**
**ਪੰਜਾਬ।**
**ਮੀਮੋ ਨੰ: 2014/ਡੀ.ਜੀ.ਐਸ.ਈ./ਨਿਰੀਖਣ/** ੨੫੫੪੪-੪੧
**ਮਿਤੀ: ਐਸ.ਏ.ਐਸ. ਨਗਰ** - 15/5/14

**ਵਿਸ਼ਾ: ਨਿਰੀਖਣ ਟੀਮਾਂ ਦੇ ਮੈਂਬਰਾਂ ਦੀ ਤਬਦੀਲੀ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2.0 ਸਮੇਂ-ਸਮੇਂ ਤੇ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਅਤੇ ਗੁਣਵੱਤਾ ਵਧਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਮੋਨੀਟਰਿੰਗ ਕਰਵਾਉਣ ਲਈ ਮੰਡਲ ਪੱਧਰ ਅਤੇ ਜ਼ਿਲ੍ਹਾ ਪੱਧਰ ਤੇ ਸਰਕਾਰ ਵੱਲੋਂ ਗਠਿਤ ਨਿਰੀਖਣ ਟੀਮਾਂ ਕੰਮ ਕਰ ਰਹੀਆਂ ਹਨ। ਵਿਭਾਗ ਦੇ ਧਿਆਨ ਵਿਚ ਆਇਆ ਹੈ ਕਿ ਇਹਨਾਂ ਟੀਮਾਂ ਵਿਚ ਕਈ ਕਰਮਚਾਰੀਆਂ ਦੀ ਠਹਿਰ 3 ਸਾਲ ਜਾਂ 3 ਸਾਲ ਤੋਂ ਵੱਧ ਹੈ (31-03-2014) ਤੱਕ। ਜਿੰਨਾ ਨਿਰੀਖਣ ਟੀਮਾਂ ਵਿੱਚ ਅਜਿਹੀ ਠਹਿਰ ਵਾਲੇ ਕਰਮਚਾਰੀ ਕੰਮ ਕਰ ਰਹੇ ਹਨ ਉਹਨਾਂ ਟੀਮਾਂ ਵਿੱਚ ਲੰਮੀ ਠਹਿਰ ਵਾਲੇ ਮੈਂਬਰਾ ਦੀ ਤਬਦੀਲੀ ਕੀਤੀ ਜਾਣੀ ਹੈ। ਮੈਂਬਰਾਂ ਦੀ ਤਬਦੀਲੀ ਕਰਨ ਸਮੇਂ ਹੇਠ ਲਿਖੀਆ ਹਦਾਇਤਾਂ ਦਾ ਧਿਆਨ ਰੱਖਿਆ ਜਾਵੇ:-

- ਮੰਡਲ ਨਿਰੀਖਣ ਟੀਮ ਦਾ ਇੰਚਾਰਜ ਜੀ.ਆਈ.ਐਸ.ਟੀ.ਸੀ. ਦਾ ਪ੍ਰਿੰਸੀਪਲ/ਡਾਇਟ ਦਾ ਪ੍ਰਿੰਸੀਪਲ ਹੀ ਲਗਾਇਆ ਜਾਵੇ। ਜੇਕਰ ਇਹ ਉਪਲਬਧ ਨਾ ਹੋਵੇ ਤਾਂ ਡਾਇਟ/ਜੀ.ਆਈ.ਐਸ.ਟੀ.ਸੀ ਦੇ ਨਾਮ ਦੀ ਤਜਵੀਜ ਭੇਜੀ ਜਾਵੇ।
- ਜ਼ਿਲ੍ਹਾ ਪੱਧਰੀ ਨਿਰੀਖਣ ਟੀਮ ਦੇ ਇੰਚਾਰਜ ਜ਼ਿਲ੍ਹਾ ਸਾਇੰਸ ਸੁਪਰਵਾਈਜਰ ਹੋਣਗੇ। ਜ਼ਿਲ੍ਹਾ ਪੱਧਰੀ ਨਿਰੀਖਣ ਟੀਮ (ਸਿਵਾਏ ਸਪੈਸ਼ਲ ਜ਼ਿਲ੍ਹਾ ਪੱਧਰੀ ਨਿਰੀਖਣ ਟੀਮ) ਦਾ ਇੰਚਾਰਜ ਡੀ.ਐਸ.ਐਸ. ਹੋਵੇਗਾ। ਟੀਮ ਵਿੱਚ ਇੰਚਾਰਜ ਤੋਂ ਬਿਨਾਂ 3 ਮੈਂਬਰ ਹੋਣਗੇ। ਟੀਮ ਵਿੱਚ ਸਾਇੰਸ/ਮੈਥ, ਅੰਗਰੇਜੀ/ਐਸ.ਐਸ ਅਤੇ ਭਾਸ਼ਾ (ਹਿੰਦੀ/ਪੰਜਾਬੀ) ) ਵਿਸ਼ੇ ਦੇ ਮਾਹਿਰ ਸ਼ਾਮਲ ਕੀਤੇ ਜਾਣਗੇ। ਪਰੰਤੂ ਜੇਕਰ ਡੀ.ਐਸ.ਐਸ. ਦੀ ਟੀਮ ਵਿੱਚ ਠਹਿਰ 3 ਸਾਲ ਜਾਂ ਉਸ ਤੋਂ ਵੱਧ ਹੈ ਤਾਂ ਉਸ ਜ਼ਿਲੇ ਦੀ ਨਿਰੀਖਣ ਟੀਮ ਦੇ ਇੰਚਾਰਜ ਲਈ ਸੀਨੀਅਰ ਪ੍ਰਿੰਸੀਪਲ ਜਾਂ ਸੀਨੀਅਰ ਲੈਕਚਰਾਰ ਦਾ ਨਾਮ ਭੇਜਿਆ ਜਾਵੇ ਜ਼ੋ ਕਿ ਸਾਇੰਸ ਸਟਰੀਮ ਨਾਲ ਸਬੰਧਤ ਹੋਵੇ।
- ਟੀਮ ਵਿੱਚ ਸ਼ਾਮਿਲ ਕੀਤੇ ਜਾਣ ਵਾਲੇ ਵਿਸ਼ਾ ਮਾਹਿਰ, (ਲੈਕਚਰਾਰ/ਮਾਸਟਰ) ਘੱਟੋ ਘੱਟ ਆਪਣੇ ਵਿਸ਼ੇ ਵਿਚ ਪੋਸਟ ਗਰੈਜੂਏਟ ਹੋਣ। ਵੱਧ ਵਿਦਿਅਕ ਯੋਗਤਾ ਵਾਲੇ ਨੂੰ ਤਰਜੀਹ ਦਿੱਤੀ ਜਾਵੇ।
- ਵਿਸ਼ਾ ਮਾਹਿਰ ਦੇ ਪੜ੍ਹਾਉਣ ਦਾ ਤਜਰਬਾ ਘੱਟੋ-ਘੱਟ ਪੰਜ ਸਾਲ ਦਾ ਹੋਵੇ ਅਤੇ ਨਤੀਜੇ ਠੀਕ ਹੋਣੇ ਚਾਹੀਦੇ ਹਨ।
- ਕਰਮਚਾਰੀ ਨੂੰ ਕੋਈ ਦੋਸ਼ ਸੂਚੀ ਜਾਰੀ ਨਾ ਹੋਵੇ ਅਤੇ ਕੋਈ ਵੀ ਵਿਭਾਗੀ ਪੜਤਾਲ ਪੈਂਡਿੰਗ ਨਾ ਹੋਵੇ।
- ਇਹ ਟੀਮਾਂ ਮੰਡਲ ਸਿੱਖਿਆ ਅਫ਼ਸਰ/ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਨਿਗਰਾਨੀ ਹੇਠ ਆਪਣੇ-2 ਸਰਕਲਾਂ ਤੇ ਜ਼ਿਲਿਆ ਵਿੱਚ ਵਿਭਾਗੀ ਹਦਾਇਤਾ ਅਨੁਸਾਰ ਕੰਮ ਕਰਨਗੀਆ।
- ਇਹ ਟੀਮ ਮੈਂਬਰ ਆਰਜੀ ਤੌਰ ਤੇ ਟੀਮ ਵਿੱਚ ਕੰਮ ਕਰਨਗੇ।
- ਮੌਜੂਦਾ ਟੀਮਾਂ ਵਿੱਚ ਮੈਂਬਰਾ ਦੀ ਤਬਦੀਲੀ ਕਰਨ ਲਈ ਨਾਂਵਾ ਦੀ ਤਜਵੀਜ਼ ਹਰ ਹਾਲਤ ਵਿੱਚ 17-5-2014 ਤੱਕ ssainspection@gmail.com ਤੇ ਪਹੁੰਚਣੀ ਯਕੀਨੀ ਬਣਾਈ ਜਾਵੇ।

ਸ੍ਰੀ. ਭਾਰਦ੍ਵਾਜ (signature)

**ਪ੍ਰਮੁੱਖ ਸਕੱਤਰ ਸਕੂਲ ਸਿੱਖਿਆ,**
**ਪੰਜਾਬ।**